ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ

ਪੰਜਾਬ ਕਲਾ ਭਵਨ, ਰੋਜ਼ ਗਾਰਡਨ, ਸੈਕਟਰ 16-ਬੀ, ਚੰਡੀਗੜ੍ਹ।
ਫੋਨ: 0172-2771472 | ਈ-ਮੇਲ: plkapunjab@gmail.com
Website: www.lalitkalaakademipunjab.com

# ਅੱਖਰਕਾਰੀ: ਔਨਲਾਈਨ ਪ੍ਰਤੀਯੋਗਤਾ ਅਤੇ ਪ੍ਰਦਰਸ਼ਨੀ

# "ਗੁਰੂ ਤੇਗ ਬਹਾਦਰ ਜੀ ਦੀ ਬਾਣੀ"

ਕਿਰਪਾ ਕਰਕੇ ਪੂਰਾ ਫ਼ਾਰਮ ਧਿਆਨ ਨਾਲ ਪੜ੍ਹਿਆ ਜਾਵੇ।

## ਇਨਾਮ:

| | | |
|---|---|---|
| ਪਹਿਲਾ ਇਨਾਮ | 10,000/- | ਰੁਪਈਏ |
| ਦੂਜਾ ਇਨਾਮ | 7,000/- | ਰੁਪਈਏ |
| ਤੀਜਾ ਇਨਾਮ | 5,000/- | ਰੁਪਈਏ |

ਪ੍ਰਦਰਸ਼ਨੀ ਲਈ ਚੁਣੀਆਂ ਗਈਆਂ ਕਲਾਕ੍ਰਿਤਾਂ ਦੇ ਰਚਣ ਵਾਲੇ ਕਲਾਕਾਰਾਂ ਨੂੰ ਭਾਗ ਲੈਣ ਦੇ ਸਰਟੀਫਿਕੇਟ ਦਿੱਤੇ ਜਾਣਗੇ।

**ਕਲਾਕ੍ਰਿਤਾਂ ਦਾਖ਼ਲ ਕਰਾਉਣਾ:** ਪ੍ਰਦਰਸ਼ਨੀ ਵਾਸਤੇ ਕਲਾਕਾਰ ਦੁਆਰਾ ਆਪਣੇ ਹੱਥੀਂ ਰਚੀਆਂ ਕਲਾਕ੍ਰਿਤਾਂ ਦੀਆਂ ਡਿਜਿਟਲ ਤਸਵੀਰਾਂ ਸਮੇਤ ਦਾਖ਼ਲਾ ਪੱਤਰ ਜਮ੍ਹਾਂ ਕਰਾਉਣ ਦੀ

**ਆਖਰੀ ਮਿਤੀ 15 ਜੁਲਾਈ 2020** ਰਾਤ ਦੇ 12.00 ਵਜੇ ਤੱਕ।

ਅੱਖਰਕਾਰੀ ਕਲਾਕ੍ਰਿਤਾਂ ਦੀਆਂ ਡਿਜਿਟਲ ਤਸਵੀਰਾਂ ਕੇਵਲ ਔਨਲਾਈਨ ਅਤੇ ਡਿਜਿਟਲ ਫਾਰਮੈਟ ਵਿਚ ਈ-ਮੇਲ ਰਾਂਹੀਂ ਹੀ ਭੇਜੀਆਂ ਜਾ ਸਕਦੀਆਂ ਹਨ।

ਈ-ਮੇਲ ਹੇਠ ਲਿਖੇ ਪਤੇ ਤੇ ਭੇਜੀ ਜਾਵੇ:

plkapunjab@gmail.com

ਈ-ਮੇਲ ਦੇ ਵਿਸ਼ੇ ਵਿਚ " ਔਨਲਾਈਨ ਅੱਖਰਕਾਰੀ ਕਲਾ ਪ੍ਰਦਰਸ਼ਨੀ 2020 ਲਈ" ਜਾਂ "Submission for Online Akharkari Exhibition 2020" ਲਿਖਣਾ ਲਾਜ਼ਮੀ ਹੈ ਨਹੀਂ ਤਾਂ ਪ੍ਰਤੀਯੋਗਤਾ ਵਿਚ ਦਾਖ਼ਲਾ ਨਹੀਂ ਹੋ ਸਕੇਗਾ।
ਇਹ ਪ੍ਰਦਰਸ਼ਨੀ ਅਤੇ ਕਲਾ ਪ੍ਰਤੀਯੋਗਤਾ ਨੂੰ ਕੇਵਲ ਔਨਲਾਈਨ ਕਰਵਾਇਆ ਜਾ ਰਿਹਾ ਹੈ ਇਸ ਲਈ ਕਲਾਕਾਰਾਂ ਨੂੰ ਬੇਨਤੀ ਹੈ ਕਿ ਕੋਈ ਵੀ ਕਲਾਕ੍ਰਿਤੀ ਜਾਂ ਦਾਖ਼ਲਾ ਫਾਰਮ ਭੌਤਿਕ ਰੂਪ ਵਿਚ ਅਕਾਦਮੀ ਦੇ ਦਫਤਰ ਵਿਚ ਨਾ ਭੇਜੇ ਜਾਣ।

## ਵਿਸ਼ਾ

- ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਵੱਲੋਂ "ਗੁਰੂ ਤੇਗ ਬਹਾਦਰ ਜੀ ਦੀ ਬਾਣੀ" ਦੇ ਵਿਸ਼ੇ ਉੱਤੇ ਆਧਾਰਿਤ ਔਨਲਾਈਨ ਅੱਖਰਕਾਰੀ ਪ੍ਰਤੀਯੋਗਤਾ ਅਤੇ ਔਨਲਾਈਨ ਪ੍ਰਦਰਸ਼ਨੀ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿਚ ਭਾਗ ਲੈਣ ਲਈ ਅਤੇ ਪ੍ਰਤੀਯੋਗਤਾ ਵਾਸਤੇ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਰਹਿਤ ਮਰਿਆਦਾ ਦਾ ਧਿਆਨ ਰੱਖਦੇ ਹੋਏ, ਪ੍ਰਦਰਸ਼ਨੀ ਅਤੇ ਪ੍ਰਤੀਯੋਗਤਾ ਅੱਖਰਕਾਰੀ (ਕੈਲੀਗ੍ਰਾਫ਼ੀ) ਦੇ ਸਾਰੇ ਸੰਭਵ ਮਾਧਿਅਮਾਂ ਲਈ ਖੁੱਲ੍ਹੀ ਹੋਵੇਗੀ।

### ਪ੍ਰਦਰਸ਼ਨੀ ਅਤੇ ਪ੍ਰਤੀਯੋਗਤਾ ਲਈ ਨਿਯਮ ਹੇਠ ਲਿਖੇ ਅਨੁਸਾਰ ਹੋਣਗੇ

## ਯੋਗਤਾ

- ਪ੍ਰਦਰਸ਼ਨੀ ਅਤੇ ਪ੍ਰਤੀਯੋਗਤਾ ਵਿਚ ਭਾਗ ਲੈਣ ਲਈ ਸਭਨਾਂ ਨੂੰ ਖੁੱਲ੍ਹਾ ਸੱਦਾ ਹੈ, ਪਰੰਤੂ ਭਾਗ ਲੈਣ ਵਾਲੇ ਕਲਾਕਾਰ ਦੀ ਉਮਰ 15 ਜੁਲਾਈ 2020 ਨੂੰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ।

## ਕਲਾ ਪ੍ਰਦਰਸ਼ਨੀ ਅਤੇ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਮਾਪਦੰਡ

- ਭਾਗ ਲੈਣ ਵਾਲੇ ਕਲਾਕਾਰ ਅੱਖਰਕਾਰੀ (ਕੈਲੀਗ੍ਰਾਫ਼ੀ) ਦੀਆਂ ਘੱਟੋ-ਘੱਟ ਇੱਕ ਜਾਂ ਵੱਧ ਤੋਂ ਵੱਧ 5 ਮੌਲਿਕ ਕਲਾਕ੍ਰਿਤਾਂ ਦੀਆਂ ਹਾਈ ਰੈਜ਼ੋਲੂਸ਼ਨ ਡਿਜਿਟਲ ਤਸਵੀਰਾਂ, ਆਪਣੀ ਹਾਈ ਰੈਜ਼ੋਲਿਯੂਸ਼ਨ ਵਾਲੀ ਇਕ ਪਾਸਪੋਰਟ ਆਕਾਰ ਦੀ ਡਿਜਿਟਲ ਤਸਵੀਰ ਅਤੇ ਪਹਿਚਾਣ ਪੱਤਰ ਦੀ ਡਿਜਿਟਲ ਤਸਵੀਰ ਦਾਖ਼ਲਾ ਫਾਰਮ ਸਮੇਤ ਈ-ਮੇਲ ਰਾਂਹੀਂ ਭੇਜਣ ਦੀ ਕਿਰਪਾਲਤਾ ਕਰਨ।

- ਪ੍ਰਤੀਯੋਗਤਾ ਲਈ ਭੇਜੀਆਂ ਗਈਆਂ ਅੱਖਰਕਾਰੀ ਕਲਾਕ੍ਰਿਤਾਂ ਭਾਗ ਲੈਣ ਵਾਲੇ ਕਲਾਕਾਰ ਦੁਆਰਾ ਖੁਦ ਸਿਰਜੀਆਂ ਹੋਣੀਆਂ ਚਾਹੀਦੀਆਂ ਹਨ। ਡਿਜਿਟਲ ਤਸਵੀਰਾਂ ਅਸਲ ਕਲਾਕ੍ਰਿਤਾਂ ਦੀਆਂ ਹੂਬਹੂ ਤਸਵੀਰਾਂ ਹੋਣੀਆਂ ਚਾਹੀਦੀਆਂ ਹਨ।

- ਕਲਾਕ੍ਰਿਤਾਂ ਹੱਥੀਂ ਬਣੀਆਂ ਹੋਣੀਆਂ ਚਾਹੀਦੀਆਂ ਹਨ। ਕੰਪਿਊਟਰ ਦੇ ਕਿਸੇ ਵੀ ਸੋਫਟਵੇਅਰ ਦੇ ਮਾਧਿਅਮ ਜ਼ਰੀਏ ਬਣੀਆਂ ਕਲਾਕ੍ਰਿਤਾਂ ਕਲਾ ਮੁਕਾਬਲੇ ਵਿਚ ਸ਼ਾਮਿਲ ਨਹੀਂ ਕੀਤੀਆਂ ਜਾਣਗੀਆਂ। ਜੇ ਕੋਈ ਕਲਾਕਾਰ ਹੱਥੀਂ ਬਣਾਈ ਤਸਵੀਰ ਦੀ ਬਜਾਏ ਕੰਪਿਊਟਰ ਦੇ ਕਿਸੇ ਵੀ ਸੋਫਟਵੇਅਰ ਦੇ ਮਾਧਿਅਮ ਜ਼ਰੀਏ ਬਣੀਆਂ ਕਲਾਕ੍ਰਿਤਾਂ ਕਲਾ ਮੁਕਾਬਲੇ ਵਿਚ ਸ਼ਾਮਿਲ ਕਰਨ ਲਈ ਭੇਜ ਦੇਂਦਾ ਹੈ ਤਾਂ ਪਤਾ ਲੱਗਣ ਤੇ ਅਜਿਹੀਆਂ ਤਸਵੀਰਾਂ/ਕਲਾਕ੍ਰਿਤਾਂ ਨੂੰ ਪ੍ਰਤੀਯੋਗਤਾ ਅਤੇ ਪ੍ਰਦਰਸ਼ਨੀ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ ਅਤੇ ਜੇ ਇਸ ਬਾਰੇ ਪ੍ਰਦਰਸ਼ਨੀ ਤੋਂ ਪਹਿਲਾ ਜਾਂ ਬਾਅਦ ਵਿਚ ਕਦੇ ਵੀ ਇਹ ਸਾਬਤ ਹੋ ਜਾਂਦਾ ਹੈ ਕਿ ਇਹ ਕਲਾਕ੍ਰਿਤੀ ਭਾਗ ਲੈਣ ਵਾਲੇ ਕਲਾਕਾਰ ਦੁਆਰਾ ਆਪਣੇ ਹੱਥੀਂ ਖੁਦ ਨਹੀਂ ਬਣਾਈ ਹੋਈ ਜਾਂ ਕਿਸੇ ਵੀ ਸੋਫਟਵੇਅਰ ਦੇ ਮਾਧਿਅਮ ਜ਼ਰੀਏ ਬਣਾਈ ਹੈਂ ਤਾਂ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਨੂੰ ਅਜਿਹੇ ਮਾਮਲੇ ਵਿਚ ਕੋਈ ਵੀ ਕਾਰਵਾਈ ਕਰਨ ਦਾ ਹੱਕ ਹੋਵੇਗਾ।

- ਦਾਖ਼ਲਾ ਫਾਰਮ, ਕਲਾਕ੍ਰਿਤਾਂ ਅਤੇ ਆਪਣੇ ਪਹਿਚਾਣ ਪੱਤਰ ਦੀਆਂ ਡਿਜਿਟਲ ਤਸਵੀਰਾਂ, ਭਾਗ ਲੈਣ ਵਾਲਾ ਕਲਾਕਾਰ ਸਿਰਫ ਆਪਣੀ ਈ-ਮੇਲ ਆਈ ਡੀ ਤੋਂ ਹੀ ਭੇਜ ਸਕਦਾ ਹੈ, ਕਿਸੇ ਹੋਰ ਦੀ ਈ-ਮੇਲ ਆਈ ਡੀ ਤੋਂ ਨਹੀਂ ਭੇਜ ਸਕਦਾ।

- ਕਲਾਕਾਰ ਸਿਰਫ਼ ਇੱਕ ਈ-ਮੇਲ ਦੁਆਰਾ ਹੀ ਮੁਕਾਬਲੇ ਵਿਚ ਭਾਗ ਲੈ ਸਕਦਾ ਹੈ। ਇੱਕ ਤੋਂ ਵੱਧ ਈ-ਮੇਲ ਨਾ ਭੇਜੀ ਜਾਵੇ। ਕਿਰਪਾ ਕਰਕੇ ਪੂਰੀ ਤਰ੍ਹਾਂ ਭਰਿਆ ਹੋਇਆ ਦਾਖ਼ਲਾ ਫਾਰਮ, ਕਲਾਕ੍ਰਿਤਾਂ ਦੀਆਂ ਡਿਜਿਟਲ ਤਸਵੀਰਾਂ, ਪਹਿਚਾਣ ਪੱਤਰ ਦੀ ਤਸਵੀਰ ਅਤੇ ਕਲਾਕਾਰ ਦੀ ਅੱਪਣੀ ਤਸਵੀਰ, ਸਾਰਾ ਕੁਝ ਮਿਲਾ ਕੇ ਸਿਰਫ ਇੱਕ ਈ-ਮੇਲ ਵਿਚ ਹੀ ਭੇਜਿਆ ਜਾਵੇ।

- ਸਾਰੀਆਂ ਤਸਵੀਰਾਂ ਜੇਪੀਜੀ JPG ਫਾਰਮੈਟ ਵਿਚ ਹੀ ਭੇਜੀਆਂ ਜਾਣ। ਹਰੇਕ ਡਿਜਿਟਲ ਤਸਵੀਰ 2 ਐੱਮ ਬੀ ਤੋਂ ਛੋਟੀ ਅਤੇ 4 ਐੱਮ ਬੀ ਤੋਂ ਵੱਡੀ ਨਹੀਂ ਹੋਣੀ ਚਾਹੀਦੀ। (should be minimum 2mb and maximum 4mb in size and in JPG format)

- ਮੌਲਿਕ ਕਲਾਕ੍ਰਿਤ ਦੀ ਡਿਜਿਟਲ ਤਸਵੀਰ ਸਾਫ ਸੁਥਰੀ ਅਤੇ ਬਿਨਾ ਕਿਸੇ ਰਿਫਲੈਕਸ਼ਨ ਤੋਂ ਹੋਣੀ ਚਾਹੀਦੀ ਹੈ। ਮੋਬਾਈਲ ਫੋਨ ਕੈਮਰੇ ਦੁਆਰਾ ਖਿੱਚੀਆਂ ਤਸਵੀਰਾਂ ਪ੍ਰਦਰਸ਼ਨੀ ਅਤੇ ਪ੍ਰਤੀਯੋਗਤਾ ਵਿਚ ਸ਼ਾਮਲ ਨਹੀਂ ਕੀਤੀਆਂ ਜਾਣਗੀਆਂ। ਮੌਲਿਕ ਕਲਾਕ੍ਰਿਤ ਦੀ ਡਿਜਿਟਲ ਤਸਵੀਰ ਅਸਲ ਕਲਾਕ੍ਰਿਤੀ ਵਰਗੀ ਹੀ ਲੱਗਣੀ ਚਾਹੀਦੀ ਹੈ। ਤਸਵੀਰ ਨਾਲ ਕਿਸੇ ਸੌਫਟਵੇਅਰ ਰਾਂਹੀਂ ਰੰਗ, ਰੂਪ, ਅਤੇ ਆਕਾਰ ਵਿਚ ਕੀਤੀ ਛੇੜਛਾੜ ਮੁਕਾਬਲੇ ਅਤੇ ਪ੍ਰਦਰਸ਼ਨੀ ਵਿਚ ਸ਼ਾਮਿਲ ਨਾ ਕੀਤੇ ਜਾਣ ਦਾ ਕਾਰਣ ਬਣ ਸਕਦੀ ਹੈ।

## ਚੋਣਕਾਰ/ਚੋਣ-ਜਿਊਰੀ

- ਨਿਯਮਾਂ ਅਤੇ ਸ਼ਰਤਾਂ ਵਿਚ ਤਬਦੀਲੀ ਅਤੇ ਇਨਾਮ ਦੀ ਗਿਣਤੀ ਅਤੇ ਰਾਸ਼ੀ ਵਧਾਉਣ ਜਾਂ ਘਟਾਉਣ ਦੇ ਹੱਕ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਕੋਲ ਰਾਖਵੇਂ ਹੋਣਗੇ। ਕਿਸੇ ਵੀ ਨਿਯਮ ਦੀ ਵਿਆਖਿਆ ਦੇ ਮਾਮਲੇ ਵਿਚ ਚੋਣਕਾਰਾਂ (ਜਿਊਰੀ) ਦਾ ਫ਼ੈਸਲਾ ਅੰਤਿਮ ਮੰਨਿਆ ਜਾਵੇਗਾ।

- ਚੋਣਕਾਰਾਂ ਦਾ ਫ਼ੈਸਲਾ ਅੰਤਿਮ ਫ਼ੈਸਲਾ ਹੋਵੇਗਾ ਅਤੇ ਇਹ ਸਭ ਤੇ ਲਾਗੂ ਹੋਵੇਗਾ, ਇਸ ਵਿਸ਼ੇ ’ਤੇ ਕਿਸੇ ਵੀ ਵੱਲੋਂ ਕਿਸੇ ਵੀ ਇਤਰਾਜ਼ ਉੱਤੇ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਵੱਲੋਂ ਵਿਚਾਰ ਨਹੀਂ ਕੀਤਾ ਜਾਵੇਗਾ।

- ਜੇ ਇਨਾਮ ਦੇਣ ਵਾਸਤੇ ਵਾਜਿਬ ਗਿਣਤੀ ਵਿਚ ਜਾਂ ਵਾਜਿਬ ਕਿਸਮ ਦੀਆਂ ਕਲਾਕ੍ਰਿਤਾਂ ਪ੍ਰਾਪਤ ਨਹੀਂ ਹੋਣਗੀਆਂ ਤਾਂ ਨਾ ਦਿੱਤੇ ਜਾਣ ਵਾਲੇ ਇਨਾਮਾਂ ਦੀ ਗਿਣਤੀ ਮਿੱਥਣ ਦਾ ਹੱਕ ਚੋਣਕਾਰਾਂ ਦਾ ਹੋਵੇਗਾ।

- ਚੋਣਕਾਰਾਂ ਦੀ ਚੋਣ ਕਰਨ ਦਾ ਹੱਕ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਦਾ ਹੋਵੇਗਾ ਅਤੇ ਉਹ ਕਿਸੇ ਵੀ ਅਨੁਸ਼ਾਸਨ ਤੋਂ ਸ਼ਾਮਿਲ ਕੀਤੇ ਜਾ ਸਕਦੇ ਹਨ ਜਿਨ੍ਹਾਂ ਵਿਚ ਕਲਾਕਾਰ, ਕਲਾ-ਇਤਿਹਾਸਕਾਰ, ਸਿੱਖੀ ਦੇ ਵਿਦਵਾਨ, ਕਲਾ ਅਧਿਆਪਕ, ਭਵਨ-ਕਲਾ ਮਾਹਿਰ ਅਤੇ ਕਲਾ ਆਲੋਚਕ ਸ਼ਾਮਲ ਹੋ ਸਕਦੇ ਹਨ। ਚੋਣਕਾਰਾਂ ਦੀ ਗਿਣਤੀ

ਮਿੱਥਣ ਦਾ ਅਧਿਕਾਰ ਵੀ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਦਾ ਹੋਵੇਗਾ। ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਇਕ ਜਾਂ ਇਕ ਤੋਂ ਵਧ ਚੋਣਕਾਰ ਚੁਣ ਸਕਦੇ ਹਨ । ਇਸ ਸੰਬੰਧੀ ਕਿਸੇ ਵੀ ਕਿਸਮ ਦੀ ਪੁੱਛ-ਪੜਤਾਲ ਜਾਂ ਸ਼ਿਕਾਇਤ ਬਾਰੇ ਵਿਚਾਰ ਨਹੀਂ ਕੀਤਾ ਜਾਵੇਗਾ।

## ਨਿਯਮ ਅਤੇ ਸ਼ਰਤਾਂ

- ਕਲਾਕ੍ਰਿਤਾਂ ਨਾਲ ਸਬੰਧਿਤ ਸਾਰਾ ਵੇਰਵਾ ਡਿਜਿਟਲ ਫਾਈਲ ਦੇ ਨਾਂ ਵਿਚ ਹੀ ਲਿਖਿਆ ਹੋਣਾ ਚਾਹੀਦਾ ਹੈ।
  ਕਲਾਕ੍ਰਿਤੀ ਦੀ ਡਿਜਿਟਲ ਫਾਈਲ ਦਾ ਨਾਂ ਰੱਖਣ ਦਾ ਤਰੀਕਾ ਉਦਹਾਰਣ ਦੇ ਤੌਰ ਤੇ:
  ਜੇ ਭਾਗ ਲੈਣ ਵਾਲੇ ਕਲਾਕਾਰ ਦਾ ਨਾਂ ਸਤਵੰਤ ਸਿੰਘ, ਕਲਾਕ੍ਰਿਤੀ ਦਾ ਸਿਰਲੇਖ ਮੂਲਮੰਤਰ, ਕਲਾਕ੍ਰਿਤੀ ਦਾ ਮਾਪ 15x17 ਇੰਚ, ਮਾਧਿਅਮ ਕਾਗਜ਼ ਤੇ ਸ਼ਿਆਹੀ ਅਤੇ ਕਲਾਕ੍ਰਿਤੀ ਦੀ ਰਚਨਾ ਦਾ ਸਾਲ 2019 ਹੈ ਤਾਂ ਡਿਜਿਟਲ ਫਾਈਲ ਦਾ ਨਾਂ ਹੇਠ ਲਿਖੇ ਅਨੁਸਾਰ ਹੋਵੇਗਾ:
  ਸਤਵੰਤ ਸਿੰਘ_ਮੂਲਮੰਤਰ_15x17 ਇੰਚ_ਕਾਗਜ਼ ਤੇ ਸ਼ਿਆਹੀ_2019
  ਕਲਾਕਾਰ ਦੇ ਨਾਂ, ਕਲਾਕ੍ਰਿਤ ਦੇ ਸਿਰਲੇਖ, ਮਾਧਿਅਮ, ਮਾਪ ਅਤੇ ਰਚਣ ਦੇ ਸਾਲ ਵਿਚਕਾਰ ਅੰਡਰਸਕੋਰ ਦਾ ਸੰਕੇਤ ਇਸਤੇਮਾਲ ਕੀਤਾ ਜਾਵੇ

- Information to be included in the file name of the digital image of the artwork submitted
  Eg. If the name of the artist is Satwant Singh, the title of the work submitted is Moolmantar, size of the work is 15x17 inch, medium is ink on paper and the work is created in 2019
  Then the file name would be:
  Satwant Singh_Moolmantar_15x17 inch_Ink on paper_2019

  Please use sign of Underscore between name of the artist, title, size, medium of artwork and year of creation.

  This information should match with the information given in the table with details of artworks in the entry form.

- ਇਨਾਮ ਵੰਡ ਸਮਾਰੋਹ ਵੀ ਔਨਲਾਈਨ ਹੀ ਹੋਵੇਗਾ ਇਸ ਉਪਰਾਲੇ ਦੀ ਮਾਣ-ਮਰਿਆਦਾ ਨੂੰ ਧਿਆਨ ਵਿੱਚ ਰਖਦਿਆਂ ਇਨਾਮ ਵੰਡ ਸਮਾਰੋਹ ਦੇ ਮੌਕੇ, ਇਨਾਮ ਉਸੇ ਕਲਾਕਾਰ ਨੂੰ ਦਿੱਤਾ ਜਾਵੇਗਾ ਜਿਸ ਨੂੰ ਇਨਾਮ ਦੇਣ ਲਈ ਚੁਣਿਆ ਗਿਆ ਹੈ। ਇਨਾਮ ਵੰਡ ਸਮਾਰੋਹ ਦੌਰਾਨ ਕਿਸੇ ਵੀ ਰੂਪ ਵਿਚ ਪਰਿਵਾਰਕ ਮੈਂਬਰ ਜਾਂ ਪ੍ਰਤੀਨਿਧੀ ਨੂੰ ਇਨਾਮ ਨਹੀਂ ਦਿੱਤਾ ਜਾਵੇਗਾ।

- ਇਹ ਇਨਾਮ ਵਧੇਰੇ ਹਿੱਸਿਆਂ ਵਿਚ ਵੰਡਿਆ ਜਾਂ ਸਾਂਝਾ ਨਹੀਂ ਕੀਤਾ ਜਾਵੇਗਾ। ਇਨਾਮ ਦੀ ਰਾਸ਼ੀ ਇਕ ਤੋਂ ਜ਼ਿਆਦਾ ਹਿੱਸਿਆਂ ਵਿਚ ਵੰਡੀ ਨਹੀਂ ਜਾ ਸਕਦੀ।

- ਕਿਸੇ ਵੀ ਰੂਪ ਵਿੱਚ ਚੋਣਕਾਰ ਮੰਡਲ ਦੇ ਕਿਸੇ ਵੀ ਮੈਂਬਰ ਨੂੰ ਪ੍ਰਭਾਵਤ ਕਰਨ ਜਾਂ ਉਨ੍ਹਾਂ ਤੱਕ ਪਹੁੰਚ ਕਰਨ ਵਾਲਿਆਂ ਨੂੰ ਪ੍ਰਤੀਯੋਗਤਾ ਤੇ ਪ੍ਰਦਰਸ਼ਨੀ ਵਿਚ ਹਿੱਸਾ ਲੈਣ ਤੋਂ ਅਯੋਗ ਮੰਨਿਆ ਜਾਵੇਗਾ।

- ਕਲਾਕਾਰ ਅਤੇ ਕਲਾਕ੍ਰਿਤ ਦੀ ਸ਼ਨਾਖ਼ਤ ਲਈ ਉਸ ਦਾ ਨਾਂ/ਪਤਾ, ਕੰਮ ਦਾ ਸਿਰਲੇਖ, ਨਾਪ, ਮਾਧਿਅਮ, ਸਿਰਜੇ ਜਾਣ ਦਾ ਸਾਲ ਆਦਿ ਜਮ੍ਹਾਂ ਕੀਤੀ ਜਾਣ ਵਾਲੀ ਕਲਾਕ੍ਰਿਤ ਦੇ ਫਾਈਲ ਦੇ ਨਾ ਵਿਚ ਹੀ ਲਿਖਿਆ ਹੋਣਾ ਚਾਹੀਦਾ ਹੈ।

- ਚੁਣੀ ਗਈ ਕਿਸੇ ਵੀ ਕਲਾਕ੍ਰਿਤ ਨੂੰ ਲੋੜ ਅਨੁਸਾਰ ਕੈਟਾਲਾਗ ਵਿੱਚ, ਪੋਸਟਰ ਉੱਤੇ, ਇਸ਼ਤਿਹਾਰਾਂ ਵਿੱਚ, ਹੋਰਡਿੰਗ ਉਤੇ ਜਾਂ ਹੋਰ ਦੂਜੇ ਪ੍ਰਚਾਰ ਮਾਧਿਅਮਾਂ ਵੈਬਸਾਈਟ, ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਵਿੱਚ ਇਸਤੇਮਾਲ ਕਰਨ ਦਾ ਅਧਿਕਾਰ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਕੋਲ ਰਾਖਵਾਂ ਹੋਵੇਗਾ।

- ਭਾਗ ਲੈਣ ਵਾਲੇ ਕਲਾਕਾਰ ਦੁਆਰਾ ਜਮ੍ਹਾਂ ਕਰਵਾਏ ਖ਼ੁਦ ਤਸਦੀਕ ਕੀਤੇ ਹਲਫ਼ਨਾਮੇ ਨੂੰ ਅਕਾਦਮੀ ਇਹ ਮੰਨੇਗੀ ਕਿ ਫ਼ਾਰਮ ਵਿੱਚ ਦਿੱਤੀ ਸੂਚਨਾ ਸੱਚ ਹੈ ਜਦ ਤੱਕ ਕਿਸੇ ਦੁਆਰਾ ਪੂਰੇ ਸਬੂਤਾਂ ਨਾਲ ਇਸ ਸੂਚਨਾ ਨੂੰ ਚੁਣੌਤੀ ਨਾ ਦਿੱਤੀ ਜਾਵੇ ਕਿ ਭਾਗ ਲੈਣ ਵਾਲੇ ਕਲਾਕਾਰ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ।

- ਇਸ ਅੱਖਰਕਾਰੀ ਕਲਾ ਪ੍ਰਦਰਸ਼ਨੀ ਅਤੇ ਕਲਾ ਪ੍ਰਤੀਯੋਗਤਾ ਵਿਚ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਦਾ ਕੋਈ ਵੀ ਅਹੁਦੇਦਾਰ, ਮੈਂਬਰ, ਕਰਮਚਾਰੀ ਜਾਂ ਉਨ੍ਹਾਂ ਦੇ ਪਰਿਵਾਰ ਦਾ ਕੋਈ ਜੀਅ ਅਤੇ ਰਿਸ਼ਤੇਦਾਰ ਅਤੇ ਚੋਣ ਕਮੇਟੀ/ਜਿਊਰੀ ਦਾ ਕੋਈ ਪਰਿਵਾਰਕ ਜੀਅ ਅਤੇ ਰਿਸ਼ਤੇਦਾਰ ਭਾਗ ਨਹੀਂ ਲੈ ਸਕਦਾ।

- ਇਸ ਅੱਖਰਕਾਰੀ ਕਲਾ ਪ੍ਰਦਰਸ਼ਨੀ ਅਤੇ ਕਲਾ ਪ੍ਰਤੀਯੋਗਤਾ ਵਿਚ ਦਾਖ਼ਲ ਕੀਤੀ ਗਈ/ਗਈਆਂ ਕਲਾਕ੍ਰਿਤ/ਕਲਾਕ੍ਰਿਤਾਂ ਦੇ ਵਿਸ਼ਾ ਵਸਤੂ ਸਬੰਧੀ ਹਰ ਤਰ੍ਹਾਂ ਦੀ ਜ਼ਿੰਮੇਦਾਰੀ ਭਾਗ ਲੈਣ ਵਾਲੇ ਕਲਾਕਾਰ ਦੀ ਹੋਵੇਗੀ ਅਤੇ ਇਸ ਸਬੰਧ ਵਿਚ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਕਿਸੇ ਵੀ ਰੂਪ ਵਿਚ ਜ਼ਿੰਮੇਦਾਰ ਨਹੀਂ ਹੋਵੇਗੀ।

ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ

ਪੰਜਾਬ ਕਲਾ ਭਵਨ, ਰੋਜ਼ ਗਾਰਡਨ, ਸੈਕਟਰ 16-ਬੀ, ਚੰਡੀਗੜ੍ਹ।
ਫੋਨ: 0172-2771472 | ਈ-ਮੇਲ: plkapunjab@gmail.com
Website: www.lalitkalaakademipunjab.com

## ਅੱਖਰਕਾਰੀ: ਔਨਲਾਈਨ ਪ੍ਰਤੀਯੋਗਤਾ ਅਤੇ ਪ੍ਰਦਰਸ਼ਨੀ

## "ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ"

## ਦਾਖ਼ਲਾ ਫ਼ਾਰਮ

ਔਨਲਾਈਨ ਪ੍ਰਦਰਸ਼ਨੀ ਵਾਸਤੇ ਕਲਾਕ੍ਰਿਤਾਂ ਸਮੇਤ ਦਾਖ਼ਲਾ ਪੱਤਰ ਔਨਲਾਈਨ ਜਮ੍ਹਾਂ ਕਰਾਉਣ ਦੀ
**ਆਖਰੀ ਮਿਤੀ 15 ਜੁਲਾਈ 2020 ਰਾਤ ਦੇ 12.00 ਵਜੇ ਤੱਕ।**

ਕਿਰਪਾ ਕਰਕੇ ਇਸ ਫਾਰਮ ਦੇ ਸਾਰੇ ਸਫ਼ਿਆਂ ਦਾ ਪ੍ਰਿੰਟ ਕੱਢਕੇ, ਇਸ ਵਿਚ ਪੁੱਛੀ ਗਈ ਜਾਣਕਾਰੀ ਹਰੇਕ ਕਾਲਮ ਦੇ ਨਾਲ ਦਿੱਤੇ ਗਏ ਖਾਲੀ ਸਥਾਨ ਵਿਚ ਆਪਣੇ ਹੱਥ ਨਾਲ ਭਰਕੇ, ਫਾਰਮ ਵਿਚਲੇ ਸਾਰੇ 8 ਸਫ਼ਿਆਂ ਦਾ ਸਕੈਨ ਕਰਕੇ ਅਤੇ ਇਨ੍ਹਾਂ ਸਾਰੇ 8 ਸਫ਼ਿਆਂ ਦੀ ਇੱਕ ਪੀ ਡੀ ਐੱਫ ਫਾਈਲ ਬਣਾ ਕੇ, ਈ-ਮੇਲ ਵਿਚ ਭੇਜੀਆਂ ਜਾਣ ਵਾਲੀਆਂ ਦੂਜੀਆਂ ਡਿਜਿਟਲ ਫਾਈਲਾਂ ਦੇ ਨਾਲ ਇੱਕ ਵੱਖਰੀ ਅਟੈਚਮੈਂਟ ਦੇ ਤੌਰ ਤੇ ਭੇਜੀ ਜਾਵੇ।

ਰਜਿਸਟਰੇਸ਼ਨ ਨੰ: (ਦਫ਼ਤਰੀ ਵਰਤੋਂ ਲਈ)

| | | | |
|---|---|---|---|
| ਕਲਾਕਾਰ ਦਾ ਨਾਂ | | | |
| ਮਾਤਾ/ਪਿਤਾ ਦਾ ਨਾਂ | | | |
| ਜਨਮ ਮਿਤੀ | ਦਿਨ | ਮਹੀਨਾ | ਸਾਲ |
| ਵਿਦਿਅਕ ਯੋਗਤਾ | | | |
| ਚਿੱਠੀ-ਪੱਤਰ ਲਈ ਪਤਾ | | | |
| ਸ਼ਹਿਰ | | ਰਾਜ/ਸੂਬਾ | |
| ਪਿਨ ਕੋਡ | | | |
| ਫ਼ੋਨਨੰਬਰ: | | ਮੋਬਾਈਲ Whatsapp | |

**ਔਨਲਾਈਨ ਜਮ੍ਹਾਂ ਕਰਵਾਈਆਂ ਜਾ ਰਹੀਆਂ ਕਲਾਕ੍ਰਿਤਾਂ ਬਾਰੇ ਜਾਣਕਾਰੀ:**

| ਲੜੀ ਨੰਬਰ | ਕਲਾਕ੍ਰਿਤ ਦਾ ਸਿਰਲੇਖ | ਮਾਧਿਅਮ | ਆਕਾਰ ਇੰਚਾਂ ਵਿਚ | ਬਣਾਉਣ ਦਾ ਸਾਲ |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |

- ਕਲਾਕ੍ਰਿਤਾਂ ਨਾਲ ਸਬੰਧਿਤ ਸਾਰਾ ਵੇਰਵਾ ਡਿਜਿਟਲ ਫਾਈਲ ਦੇ ਨਾਂ ਵਿਚ ਹੀ ਲਿਖਿਆ ਹੋਣਾ ਚਾਹੀਦਾ ਹੈ।
  ਕਲਾਕ੍ਰਿਤੀ ਦੀ ਡਿਜਿਟਲ ਫਾਈਲ ਦਾ ਨਾਂ ਰੱਖਣ ਦਾ ਤਰੀਕਾ ਉਦਹਾਰਣ ਦੇ ਤੌਰ ਤੇ:
  ਜੇ ਭਾਗ ਲੈਣ ਵਾਲੇ ਕਲਾਕਾਰ ਦਾ ਨਾਂ ਸਤਵੰਤ ਸਿੰਘ, ਕਲਾਕ੍ਰਿਤੀ ਦਾ ਸਿਰਲੇਖ ਮੂਲਮੰਤਰ, ਕਲਾਕ੍ਰਿਤੀ ਦਾ ਮਾਪ 15x17 ਇੰਚ, ਮਾਧਿਅਮ ਕਾਗਜ਼ ਤੇ ਸ਼ਿਆਹੀ ਅਤੇ ਕਲਾਕ੍ਰਿਤੀ ਦੀ ਰਚਨਾ ਦਾ ਸਾਲ 2019 ਹੈ ਤਾਂ ਡਿਜਿਟਲ ਫਾਈਲ ਦਾ ਨਾਂ ਹੇਠ ਲਿਖੇ ਅਨੁਸਾਰ ਹੋਵੇਗਾ:
  ਸਤਵੰਤ ਸਿੰਘ_ਮੂਲਮੰਤਰ_15x17 ਇੰਚ_ਕਾਗਜ਼ ਤੇ ਸ਼ਿਆਹੀ_2019
  (ਕਲਾਕਾਰ ਦੇ ਨਾਂ, ਕਲਾਕ੍ਰਿਤ ਦੇ ਸਿਰਲੇਖ, ਮਾਧਿਅਮ, ਮਾਪ ਅਤੇ ਰਚਣ ਦੇ ਸਾਲ ਵਿਚਕਾਰ ਅੰਡਰਸਕੋਰ ਦਾ ਬਿੰਬ ਇਸਤੇਮਾਲ ਕੀਤਾ ਜਾਵੇ)
- Information to be included in the file name of the digital image of the artwork submitted
  Eg. If the name of the artist is Satwant Singh, the title of the work submitted is Moolmantar, size of the work is 15x17 inch, medium is ink on paper and the work is created in 2019
  Then file name would be: Satwant Singh_Moolmantar_15x17 inch_Ink on paper_2019

(Please use sign of Underscore between Name of the artist, Title, size, medium and year of creation).

## Checklist: ਔਨਲਾਈਨ ਅੱਖਰਕਾਰੀ ਕਲਾ ਮੁਕਾਬਲੇ ਅਤੇ ਪ੍ਰਦਰਸ਼ਨੀ ਵਿਚ ਭਾਗ ਲੈਣ ਲਈ ਈ-ਮੇਲ ਜ਼ਰੀਏ ਭੇਜੀਆਂ ਜਾਣ ਵਾਲੀਆਂ ਜ਼ਰੂਰੀ ਜਾਣਕਾਰੀਆਂ ਦੀ ਸੂਚੀ:

1. ਕਲਾਕਾਰ ਦੀ ਡਿਜਿਟਲ ਪੋਰਟਰੇਟ ਤਸਵੀਰ (File size 1 to 2mb)
2. ਪਹਿਚਾਣ ਪੱਤਰ ਦੀ ਤਸਵੀਰ (File size 1 to 2mb)
3. ਕਲਾਕ੍ਰਿਤਾਂ ਦੀਆਂ  ਡਿਜਿਟਲ ਤਸਵੀਰਾਂ (Minimum 1 and maximum 5 entries) File size 2 to 4 mb each file
4. ਦਾਖ਼ਲਾ ਫਾਰਮ (ਸਾਰੇ ਖਾਨੇ ਭਰਨੇ ਲਾਜ਼ਮੀ ਹਨ) ਸਕੈਨ ਕੀਤਾ ਪੇਜ ਨੰਬਰ ੭ ਦਸਤਖ਼ਤ ਕਰਕੇ ਨੱਥੀ ਕਰਨਾ।

## ਭਾਗ ਲੈਣ ਵਾਲੇ ਕਲਾਕਾਰ ਵੱਲੋਂ ਹਲਫ਼ੀਆ ਬਿਆਨ:

ਮੈਂ ਅੱਖਰਕਾਰੀ ਮੁਕਾਬਲੇ ਅਤੇ ਪ੍ਰਦਰਸ਼ਨੀ ਵਿੱਚ ਭਾਗ ਲੈਣਾ ਚਾਹੁੰਦਾ ਹਾਂ ਜਿਸ ਦਾ ਆਯੋਜਨ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਵੱਲੋਂ ਹੋਣਾ ਹੈ ਅਤੇ ਮੈਂ ਅਕਾਦਮੀ ਦੇ ਵਿਚਾਰਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੀਆਂ ਕਲਾਕ੍ਰਿਤਾ ਜਮ੍ਹਾਂ ਕਰਵਾ ਰਿਹਾ ਹਾਂ। ਮੈਂ ਪ੍ਰਦਰਸ਼ਨੀ ਵਿੱਚ ਭਾਗ ਲੈਣ ਲਈ ਪਰਾਸਪੈਕਟਸ ਵਿੱਚ ਦਿੱਤੇ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਦੇ ਸਾਰੇ ਨਿਯਮ ਪੜ੍ਹ ਲਏ ਹਨ। ਮੈਂ ਇਹ ਤਸਦੀਕ ਕਰਦਾ ਹਾਂ ਕਿ ਮੇਰੇ ਦੁਆਰਾ ਜਮ੍ਹਾਂ ਕਰਵਾਈ/ਕਰਵਾਈਆਂ ਜਾਣ ਵਾਲੀ/ਵਾਲੀਆਂ, ਕਲਾਕ੍ਰਿਤ/ਕਲਾਕ੍ਰਿਤਾਂ, ਮੇਰੀ/ਮੇਰੀਆਂ, ਆਪਣੀ/ਆਪਣੀਆਂ ਮੌਲਿਕ ਕਲਾਕ੍ਰਿਤ/ਕਲਾਕ੍ਰਿਤਾਂ ਹਨ।
ਇਹ ਕਲਾਕ੍ਰਿਤ/ਕਲਾਕ੍ਰਿਤਾਂ, ਮੇਰੀ/ਮੇਰੀਆਂ ਆਪਣੇ ਹੱਥੀਂ ਬਣਾਈ/ਬਣਾਇਆਂ ਹੋਈ/ਹੋਈਆਂ ਹੈ/ਹਨ ਅਤੇ ਇਹ ਕੰਪਿਊਟਰ ਰਾਹੀਂ ਡਿਜਿਟਲੀ ਨਹੀਂ ਰਚੀ/ਰਚੀਆਂ ਗਈ/ਗਈਆਂ।

ਮੈਂ ਅਕਾਦਮੀ ਦੇ ਵੈਬਸਾਈਟ ਤੇ ਅੱਪਲੋੜ ਕੀਤੇ ਦਾਖ਼ਲਾ ਫਾਰਮ ਵਿਚ ਕੇਵਲ ਪਹਿਲਾਂ ਤੋਂ ਦਿੱਤੇ ਗਏ ਖਾਲੀ ਸਥਾਨਾਂ ਵਿਚ, ਪੁੱਛੀ ਗਈ ਸੂਚਨਾ ਹੀ ਭਰੀ ਹੈ ਅਤੇ ਅਕਾਦਮੀ ਵੱਲੋਂ ਅੱਪਲੋੜ ਕੀਤੇ ਦਾਖਲਾ ਫਾਰਮ ਵਿਚ, ਅਤੇ ਮੇਰੇ ਵੱਲੋਂ ਭੇਜੇ ਗਏ ਫਾਰਮ ਵਿਚ ਕੋਈ ਫਰਕ ਨਹੀਂ ਹੈ ਅਤੇ ਨਾਂ ਹੀ ਮੈਂ ਅਸਲੀ ਫਾਰਮ ਵਿਚ ਕੋਈ ਫੇਰ ਬਦਲ ਕੀਤੀ ਹੈ।

ਮੇਰੇ ਵੱਲੋਂ ਇਸ ਅੱਖਰਕਾਰੀ ਕਲਾ ਪ੍ਰਦਰਸ਼ਨੀ ਅਤੇ ਕਲਾ ਪ੍ਰਤੀਯੋਗਤਾ ਵਿਚ ਦਾਖ਼ਲ ਕੀਤੀ ਗਈ/ਗਈਆਂ ਕਲਾਕ੍ਰਿਤ/ਕਲਾਕ੍ਰਿਤਾਂ ਦੇ ਵਿਸ਼ਾ ਵਸਤੂ ਸਬੰਧੀ ਹਰ ਤਰ੍ਹਾਂ ਦੀ ਜਿੰਮੇਦਾਰੀ ਮੇਰੀ ਆਪਣੀ ਹੋਵੇਗੀ ਅਤੇ ਇਸ ਸਬੰਧ ਵਿਚ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪਰਿਸ਼ਦ ਕਿਸੇ ਵੀ ਰੂਪ ਵਿਚ ਜ਼ਿਮੇਂਦਾਰ ਨਹੀਂ ਹੋਵੇਗੀ।

ਉਪਰ ਦਿੱਤੀ ਸਾਰੀ ਸੂਚਨਾ ਸਹੀ ਹੈ।

ਸਥਾਨ:

ਮਿਤੀ: ਕਲਾਕਾਰ ਦਾ ਨਾਮ:

ਕਲਾਕਾਰ ਦੇ ਦਸਤਖ਼ਤ:

ਪੱਕਾ ਪਤਾ: